ਇਕ ਝਾਤ ਸੋਵੀਅਟ ਰੂਸ ਤੇ

Q. 169

★

ਪ੍ਰੀਤ ਨਗਰ ਸ਼ਾਪ
੩੦ ਨਿਸਬਤ ਰੋਡ, ਲਾਹੌਰ

309.147
ਪ੍ਰ 20
29340

੧. ਸਦੀਆਂ ਦੀ ਗ਼ੁਲਾਮੀ ਤੋਂ ਮੁਕਤ ਸੋਵੀਅਟ ਇਸਤ੍ਰੀ
੨. ਸਾਂਝੇ ਖੇਤ
੩. ਸਨਅਤੀ ਤਰੱਕੀ
੪. ਗਿਆਨ ਤੇ ਵਿਦਿਆ ਦਾ ਚਾਨਣ
੫. ਸਦੀਵੀ ਸਟਾਲਿਨ ਗਰਾਡ
੬. ਸੋਵੀਅਟ ਰੂਸ ਵਿਚ ਧਾਰਮਕ ਆਜ਼ਾਦੀ
੭. ਕਾਜ਼ਕ ਲੋਕਾਂ ਦੀ ਸ਼ਾਨਦਾਰ ਕੁਰਬਾਨੀ
੮. ਸੋਵੀਅਟ ਤੇ ਏਸ਼ੀਆ ਦੀ ਆਜ਼ਾਦੀ

ਸਦੀਆਂ ਦੀ ਗ਼ੁਲਾਮੀ ਤੋਂ ਮੁਕਤ

ਸੋਵੀਅਟ ਇਸਤ੍ਰੀ

★

"ਭੌਂਕਦਾ ਕੁਤਾ ਤੇ ਹਸਦੀ ਹੋਈ ਤੀਵੀਂ ਨੂੰ ਇਕ ਸਮਾਨ ਸਮਝੋ" ਇਹ ਕਿਰਗ਼ਜ਼ੀਆਂ ਦੀ ਇਕ ਪ੍ਰਚਲਤ ਕਹਾਵਤ ਸੀ। ਇਥੋਂ ਦੀ ਇਕ ਲੜਕੀ ਸੀ, ਜਿਸ ਦਾ ਨਾਂ ਸੀ ਫ਼ਾਤਮਾ । ਇਹ ਉਸ ਦੇਸ ਦੀ ਧੀ ਸੀ, ਜਥੇ ਪੜ੍ਹਨਾ ਲਿਖਣਾ ਇਸਤ੍ਰੀਆਂ ਲਈ ਪਾਪ ਸਮਝਿਆ ਜਾਂਦਾ ਸੀ, ਤੇ ਆਦਮੀਆਂ ਦੇ ਸਾਹਮਣੇ ਰੋਟੀ ਖਾਣਾ ਗੁਸਤਾਖ਼ੀ ਦੀ ਆਖ਼ਰੀ ਹਦ ਖ਼ਿਆਲ ਕੀਤੀ ਜਾਂਦੀ ਸੀ। ਫ਼ਾਤਮਾ ਦੇ ਪਿਤਾ ਨੂੰ ਲੋਕੀ ਸੰਤਾਨ-ਹੀਨ ਸਮਝਦੇ ਸਨ, ਕਿਉਂਕਿ ਲੜਕੀ ਦਾ ਹੋਣਾ, ਨਾ ਹੋਣਾ ਬਰਾਬਰ ਸੀ।

ਪਰ ਇਨਕਲਾਬ ਆਇਆ ਤੇ ਫ਼ਾਤਮਾ ਤਾਸ਼ਕੰਦ ਦੇ ਕਾਲਜ ਵਿਚ ਦਾਖ਼ਲ ਹੋ ਗਈ ਤੇ ਉਥੋਂ ਨਿਕਲ ਕੇ ਜ਼ਿਲੇ ਦੇ ਅਰੋਗ-ਦਫ਼ਤਰ ਵਿਚ ਕੰਮ ਕਰਨ ਲਗ ਪਈ। ਦੋ ਸਾਲਾਂ ਦੇ ਅੰਦਰ ਉਸ ਦਾ ਨਾਂ ਬੜੀ ਦੂਰ ਤਕ ਫੈਲ ਗਿਆ। ਉਸ ਨੂੰ ਕਿਰਗ਼ਜ਼ੀਆਂ ਦੀ ਲੋਕ-ਹਕੂਮਤ ਨੇ ਅਰੋਗ ਦਫ਼ਤਰ ਦਾ ਅਸਿਸਟੈਂਟ ਸਕੱਤਰ ਨੀਯਤ ਕਰ ਦਿਤਾ। ਫ਼ਾਤਮਾ ਦਾ ਪਿਤਾ ਵੀ ਕਹਿਣ ਲਗ ਪਿਆ "ਫ਼ਾਤਮਾ ਵਰਗੀ ਕੁੜੀ ਤਿੰਨ ਪੁੱਤਰਾਂ ਨਾਲੋਂ ਵੀ ਚੰਗੀ ਹੈ।"

ਮਧ-ਏਸ਼ੀਆ ਦਾ ਇਕ ਦੂਜਾ ਦੇਸ਼ ਉਜ਼ਬਕਸਤਾਨ ਹੈ। ਸ਼ੋਸ਼ਲਿਸਟ ਇਨਕਲਾਬ ਤੋਂ ਪਹਿਲਾਂ ਇਥੋਂ ਦੀਆਂ ਇਸਤ੍ਰੀਆਂ ਘੋੜਿਆਂ ਦੇ ਵਾਲਾਂ ਦਾ ਬਣਿਆ ਹੋਇਆ ਇਕ ਭਾਰੀ ਕਾਲਾ ਬੁਰਕਾ ਪਹਿਨ ਕੇ ਘਰ ਤੋਂ ਬਾਹਰ

ਨਿਕਲਦੀਆਂ ਸਨ। ਪਰ ਅਜ ਸੋਵੀਅਟ ਦੀ ਪਾਰਲੀਮੈਂਟ ਦੀ ਮੈਂਬਰ ਇਕ ਇਥੋਂ ਦੀ ਤੀਵੀਂ ਹੈ, ਜਿਸ ਦਾ ਨਾਂ ਮੁਖਮਦਰੋਫ ਹੈ।

ਕਾਜ਼ਕਸਤਾਨ ਦੀ ਮਸ਼ਹੂਰ ਸਿਨੇਮਾ ਸਟਾਰ ਆਸਿਆ ਕਮਦੋਨੀਫਾ ਯਤੀਮ ਕੁੜੀ ਸੀ। ਅਜ ਉਸ ਦੇ ਹੁਨਰ ਦੀ ਤਾਰੀਫ਼ ਸੋਵੀਅਟ ਧਰਤੀ ਦੇ ਕੋਨੇ ਕੋਨੇ ਤੇ ਫੈਲ ਗਈ ਹੈ ਤੇ ਖ਼ੁਦ ਸਭ ਤੋਂ ਵੱਡਾ ਕਵੀ ਜਮਬੋਲ ਜਾਬਰ ਉਸ ਦੀ ਇੱਜ਼ਤ ਕਰਦਾ ਹੈ।

ਹਿੰਦੁਸਤਾਨ ਦੀਆਂ ਇਸਤ੍ਰੀਆਂ ਨੂੰ ਉਪਰਲੀਆਂ ਗਲਾਂ ਕੁਝ ਕੁਝ ਝੂਠ ਜਾਂ ਪਰੀਆਂ ਦੀਆਂ ਕਹਾਣੀਆਂ ਵਾਂਗ ਲਗਦੀਆਂ ਹਨ। ਤੇ ਇਸ ਵਿਚ ਕੋਈ ਅਸਚਰਜ ਦੀ ਗਲ ਨਹੀਂ, ਕਿਉਂਕਿ ਹਜ਼ਾਰਾਂ ਵਰ੍ਹਿਆਂ ਤੋਂ ਗ਼ੁਲਾਮ ਇਸਤ੍ਰੀ ਲਈ ਇਹ ਵਿਸ਼ਵਾਸ ਕਰਨਾ ਬਹੁਤ ਮੁਸ਼ਕਲ ਹੈ ਕਿ ਉਹ ਵੀ ਸੁਤੰਤਰ ਹੋ ਸਕਦੀ ਹੈ।

ਇਨਕਲਾਬ ਤੋਂ ਪਹਿਲੇ ਰੂਸ ਵਿਚ ਇਸਤ੍ਰੀਆਂ ਨੂੰ ਆਦਮੀ ਦਾ ਮਾਲ ਧਨ ਸਮਝਿਆ ਜਾਂਦਾ ਸੀ। ਪਤੀ ਭਾਵੇਂ ਕਿਤਨਾ ਵੀ ਭੈੜੇ ਆਚਰਣ ਵਾਲਾ ਤੇ ਅਨਿਆਈਂ ਹੋਵੇ, ਇਸਤ੍ਰੀ ਉਸ ਤੋਂ ਅਡ ਨਹੀਂ ਸੀ ਹੋ ਸਕਦੀ। ਹੁਨਰ ਤੇ ਸਾਹਿਤ ਨਾਲ ਉਸ ਦਾ ਕੋਈ ਸੰਬੰਧ ਨਹੀਂ ਸੀ। ਉਸ ਦੇ ਭਾਗਾਂ ਵਿਚ ਸਿਰਫ਼ ਪਤੀ ਦੀਆਂ ਗਾਲ੍ਹਾਂ ਤੇ ਡੰਡੇ ਹੀ ਲਿਖੇ ਸਨ। ਪਰ ਸੋਸ਼ਲਿਸਟ ਇਨਕਲਾਬ ਨੇ ਰੂਸ ਵਿਚੋਂ ਹਰ ਕਿਸਮ ਦੀ ਗ਼ੁਲਾਮੀ ਦਾ ਖ਼ਾਤਮਾ ਕਰ ਦਿਤਾ ਹੈ। ਇਸਤ੍ਰੀਆਂ ਦੀ ਗ਼ੁਲਾਮੀ ਵੀ ਹੁਣ ਬੀਤੇ ਦੀ ਕਹਾਣੀ ਬਣ ਚੁਕੀ ਹੈ। ਸੋਵੀਅਟ ਦੇ ਕਾਨੂੰਨ ਇਸਤ੍ਰੀ ਤੇ ਮਰਦ ਨੂੰ ਇਕੋ ਜੇਹੇ ਹਕ ਦੇਂਦੇ ਹਨ। ਮਰਦਾਂ ਵਾਂਗ ਇਸਤ੍ਰੀਆਂ ਵੀ ਰਾਜ ਪ੍ਰਬੰਧਕਾਂ ਨੂੰ ਚੁਣਦੀਆਂ ਤੇ ਚੁਣੀਆਂ ਜਾਂਦੀਆਂ ਹਨ। ਮਜ਼ਦੂਰ-ਯੂਨੀਅਨਾਂ, ਕੋਆਪਰੇਟਿਵ ਸੁਸਾਇਟੀਆਂ ਤੇ ਸਭਿਆਚਾਰਕ ਜਮਾਤਾਂ ਵਿਚ ਉਨ੍ਹਾਂ ਨੂੰ ਸ਼ਾਮਲ ਹੋਣ ਦਾ ਪੂਰਾ ਹਕ ਹੈ। ਆਦਮੀਆਂ ਦੇ ਨਾਲ ਪੂਰਾ ਕੰਮ ਕਰਨ ਨਾਲ ਉਹਨਾਂ ਨੂੰ ਪੂਰੀ ਤਨਖਾਹ ਮਿਲਦੀ ਹੈ। ਵਿਆਹ ਤੋਂ ਪਹਿਲੋਂ ਜੇ ਉਨ੍ਹਾਂ ਕੋਲ ਰੁਪਿਆ ਪੈਸਾ ਹੋਵੇ ਤਾਂ ਉਸ ਉਪਰ ਪਤੀ ਦਾ ਕੋਈ ਅਧਿਕਾਰ ਨਹੀਂ ਹੁੰਦਾ।

ਵਿਆਹ ਤੋਂ ਪਿਛੋਂ ਜੋ ਕੁਝ ਪਤੀ ਪਤਨੀ ਕਮਾਣ, ਉਹ ਦੋਹਾਂ ਦਾ ਸਾਂਝਾ ਹੁੰਦਾ ਹੈ। ਮਰਦਾਂ ਵਾਂਗ ਉਹ ਵੀ ਵਿਆਹ ਨੂੰ ਤੋੜ ਕੇ ਅਡ ਹੋ ਸਕਦੀਆਂ ਹਨ।

ਸੋਵੀਅਟ ਦੇ ਆਗੂ ਜਾਣਦੇ ਸਨ ਕਿ ਕਾਨੂੰਨ ਦੁਆਰਾ ਇਹ ਅਧਿਕਾਰ ਦੇ ਕੇ ਜਦ ਤਕ ਸਮਾਜ ਸਮੁਚੇ ਤੌਰ ਤੇ ਇਸਤ੍ਰੀ ਦੀ ਸਹਾਇਤਾ ਨਹੀਂ ਕਰਦਾ, ਤਦ ਤਕ ਇਹ ਅਧਿਕਾਰ ਸਿਰਫ਼ ਕਾਗ਼ਜ਼ੀ ਹੀ ਰਹਿਣਗੇ। ਇਸੇ ਲਈ ਸੋਵੀਅਟ ਸਮਾਜ ਵਿਚ ਅਜ ਮਾਤਾ ਦਾ ਦਰਜਾ ਬੜਾ ਉਚਾ ਹੈ। ਸਾਰੇ ਲੋਕ ਮਾਤਾ ਦੇ ਦੁਖ ਤੇ ਕਸ਼ਟ ਨੂੰ ਦੂਰ ਕਰਨ ਦਾ ਯਤਨ ਕਰਦੇ ਹਨ। ਹਰ ਤਰੀਕੇ ਨਾਲ ਇਸਤ੍ਰੀ ਨੂੰ ਆਪਣੀ ਇੱਛਾ ਅਨੁਸਾਰ ਆਪਾ ਪ੍ਰਗਟਾਣ ਵਿਚ ਸਹਾਇਤਾ ਦਿਤੀ ਜਾਂਦੀ ਹੈ। ਗੌਰਮਿੰਟ ਵਲੋਂ ਗਰਭਵਤੀ ਇਸਤ੍ਰੀ ਦੀ ਦੇਖ ਭਾਲ ਲਈ ਡਾਕਟਰ ਮੁਕਰਰ ਹਨ। ਵੇਲੇ ਸਿਰ ਉਨ੍ਹਾਂ ਨੂੰ ਜੱਚਣ-ਘਰਾਂ ਵਿਚ ਦਾਖ਼ਲ ਕਰ ਦਿਤਾ ਜਾਂਦਾ ਹੈ। ਕਾਰਖ਼ਾਨੇ ਜਾਂ ਦਫ਼ਤਰ ਵਿਚੋਂ ਬਾਰਾਂ ਤੋਂ ਸੋਲਾਂ ਹਫ਼ਤਿਆਂ ਤਕ ਦੀ ਛੁਟੀ ਤਨਖ਼ਾਹ ਸਮੇਤ ਮਿਲਦੀ ਹੈ। ਸਿਰਫ਼ ਠੀਕ ਹੋ ਜਾਣ ਤੇ ਇਸਤ੍ਰੀ ਨੂੰ ਫਿਰ ਨੌਕਰੀ ਮਿਲ ਜਾਂਦੀ ਹੈ। ਕੰਮ ਵਿਚ ਹਰ ਤਿੰਨ ਘੰਟੇ ਪਿਛੋਂ ਬੱਚੇ ਨੂੰ ਦੁਧ ਪਿਆਣ ਦੀ ਛੁਟੀ ਮਿਲਦੀ ਹੈ। ਹਰ ਕਾਰਖ਼ਾਨੇ, ਸਾਂਝੇ ਖੇਤ ਤੇ ਦਫ਼ਤਰ ਦੇ ਨਾਲ ਬਚਿਆਂ ਦਾ ਪਾਲਣ-ਘਰ ਹੁੰਦਾ ਹੈ। ਮਾਂ ਕੰਮ ਕਰਦੀ ਹੈ, ਬੱਚਾ ਨਰਸਾਂ ਦੀ ਨਿਗਰਾਨੀ ਹੇਠ ਰਹਿੰਦਾ ਹੈ। ਸੋਵੀਅਟ ਰੂਸ ਇਸਤ੍ਰੀਆਂ ਤੇ ਬਚਿਆਂ ਦਾ ਸੁਰਗ ਹੈ। ਇਸਤ੍ਰੀ ਦੂਜੇ ਕਿਸੇ ਦੇਸ਼ ਵਿਚ ਇਤਨੀ ਆਜ਼ਾਦ ਨਹੀਂ। ਮਾਂ ਹੋਰ ਕਿਤੇ ਇਤਨੀ ਸੁਖੀ ਨਹੀਂ। ਦੂਜੇ ਕਿਸੇ ਦੇਸ਼ ਦੇ ਸਮਾਜਿਕ, ਰਾਜਨੀਤਕ ਤੇ ਸਭਿਅਕ ਜੀਵਨ ਵਿਚ ਇਸਤ੍ਰੀ ਦਾ ਇਤਨਾ ਉਚਾ ਸਥਾਨ ਨਹੀਂ। ਹਕੂਮਤ ਦੇ ਉਚੇ ਉਚੇ ਅਹੁਦਿਆਂ ਤੇ ਇਸਤ੍ਰੀਆਂ ਹਨ। ਦੇਸ਼ ਦੇ ਸਾਰੇ ਦਰ ਉਨ੍ਹਾਂ ਲਈ ਖੁਲ੍ਹੇ ਹਨ। ਬਹੁਤ ਸਾਰੀਆਂ ਇਸਤ੍ਰੀਆਂ ਡਾਕਟਰੀ, ਸਾਇੰਸ ਆਦਿ ਵਿਚ ਜਗਤ ਪ੍ਰਸਿਧੀ ਪ੍ਰਾਪਤ ਕਰ ਚੁਕੀਆਂ ਹਨ। ਜ਼ੋਇਆ ਦੇ ਆਤਮ ਬਲੀਦਾਨ, ਲੁਕਿਮਲਾ ਦੇ ਅਚੁਕ ਨਿਸ਼ਾਨੇ ਤੇ ਮੇਰੀਆ ਗਸਕੋਫ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.